



# Orientation to Ontario

1-855-626-0002
https://settlement.org/o2o

## ਬੱਚੇ ਨਾਲ ਦੁਰਵਿਹਾਰ

**ਬੱਚੇ ਨਾਲ ਦੁਰਵਿਹਾਰ** ਉਦੋਂ ਹੁੰਦਾ ਹੈ, ਜਦੋਂ ਮਾਤਾ-ਪਿਤਾ ਜਾਂ ਕੇਅਰਗਿਵਰ ਬੱਚੇ ਜਾਂ ਗਭਰੇਟ ਨੂੰ ਨੁਕਸਾਨ ਪਹੁੰਚਾਉਂਦਾ ਹੈ ਅਤੇ ਇਹ ਦੁਰਵਿਹਾਰ, ਸਰੀਰਕ, ਜਜ਼ਬਾਤੀ ਜਾਂ ਜਿਨਸੀ ਹੋ ਸਕਦਾ ਹੈ ਅਤੇ ਇਸ ਵਿੱਚ ਨਜ਼ਰਅੰਦਾਜ਼ ਕਰਨਾ ਸ਼ਾਮਿਲ ਹੈ। ਕਨੇਡਾ ਵਿੱਚ ਇਹ ਗ਼ੈਰਕਾਨੂੰਨੀ ਹੈ। ਚਿਲਡ੍ਰਨ'ਸ ਏਡ ਸੁਸਾਇਟੀ (CAS - The Children's Aid Society) ਬੱਚੇ ਨਾਲ ਦੁਰਵਿਹਾਰ ਦੀਆਂ ਸਾਰੀਆਂ ਰਿਪੋਰਟਾਂ ਦੀ ਪੜਤਾਲ ਕਰ ਸਕਦੀ ਹੈ ਅਤੇ ਯਕੀਨੀ ਬਣਾਉਂਦੀ ਹੈ ਕਿ ਬੱਚੇ ਸੁਰੱਖਿਅਤ ਅਤੇ ਮਦਦ ਕਰਨ ਵਾਲੇ ਮਾਹੌਲ ਵਿੱਚ ਰਹਿਣ।

**ਸਰੀਰਕ ਦੁਰਵਿਹਾਰ** – ਕੋਈ ਵੀ ਕਾਰਵਾਈ, ਜਿਸ ਨਾਲ ਨੁਕਸਾਨ ਜਾਂ ਸੱਟ ਲੱਗ ਸਕਦੀ ਹੈ।

ਇਸ ਵਿੱਚ ਮਾਰਣਾ, ਮੁੱਕਾ ਮਾਰਣਾ, ਠੁੱਡਾ ਮਾਰਣਾ, ਜਲਾਉਣਾ ਜਾਂ ਨੁਕਸਾਨਦੇਹ ਕਾਰਵਾਈਆਂ, ਜਿਵੇਂ ਸਜ਼ਾ ਵਜੋਂ ਭੋਜਨ ਨਾ ਦੇਣਾ ਜਾਂ ਬੱਚੇ ਨੂੰ ਕਮਰੇ ਵਿੱਚ ਬੰਦ ਕਰਨਾ।

**ਧੱਫਾ ਮਾਰਣਾ** – ਬੱਚੇ ਦਾ ਵਿਹਾਰ ਠੀਕ ਕਰਨ ਲਈ ਉਸ ਨੂੰ ਖੁੱਲ੍ਹੇ ਹੱਥ ਨਾਲ ਹਲਕਾ ਜਿਹਾ ਮਾਰਣਾ। ਕਨੇਡਾ ਵਿੱਚ ਇਹ ਕਾਨੂੰਨੀ ਹੈ, ਪਰ ਇਹਨਾਂ ਸੇਧਾਂ ਦੀ ਪਾਲਣਾ ਕਰੋ:

- ਬੱਚੇ ਨੂੰ ਇਸ ਕਰਕੇ ਨਾ ਮਾਰੋ ਕਿ ਤੁਸੀਂ ਗੁੱਸੇ ਵਿੱਚ ਹੋ।
- ਸੱਟ-ਫੇਟ ਲਾਉਣ ਜਾਂ ਨਿਸ਼ਾਨ ਪਾਉਣ ਲਈ ਕਿਸੇ ਚੀਜ਼ ਦੀ ਵਰਤੋਂ ਨਾ ਕਰੋ ਜਾਂ ਬਹੁਤਾ ਜ਼ੋਰ ਨਾ ਲਾਓ
- 2 ਸਾਲ ਤੋਂ ਛੋਟੇ ਅਤੇ 12 ਸਾਲ ਤੋਂ ਵੱਡੇ ਬੱਚੇ ਨੂੰ ਧੱਫਾ ਨਾ ਮਾਰੋ

ਆਪਣੇ ਬੱਚਿਆਂ ਨੂੰ ਜ਼ਬਤ ਸਿਖਾਉਣ ਲਈ ਮਾਤਾ-ਪਿਤਾ ਅਤੇ ਕੇਅਰਗਿਵਰਾਂ ਨੂੰ ਹੋਰ ਤਰੀਕੇ ਲੱਭਣੇ ਚਾਹੀਦੇ ਹਨ।

**ਜਜ਼ਬਾਤੀ ਦੁਰਵਿਹਾਰ** – ਕਰਕੇ ਬੱਚੇ ਦੇ ਵਾਧੇ ਨੂੰ ਨੁਕਸਾਨ ਪਹੁੰਚ ਸਕਦਾ ਹੈ ਅਤੇ ਜ਼ਿੰਦਗੀ ਵਿੱਚ ਚਿਰਕੇ ਜਿਹੇ ਮੁਸ਼ਕਿਲਾਂ ਹੋ ਸਕਦੀਆਂ ਹਨ। ਸਭ ਤੋਂ ਆਮ ਰੂਪਾਂ ਵਿੱਚ ਸ਼ਾਮਿਲ ਹਨ:

- ਪਿਆਰ ਨਾ ਕਰਨਾ ਜਾਂ ਬੱਚਿਆਂ ਨੂੰ ਦੋਸਤਾਂ ਨਾਲ ਨਾ ਮਿਲਣ-ਗਿਲਣ ਦੇਣਾ
- ਬੱਚਿਆਂ ਸਾਹਮਣੇ ਘਰੇਲੂ ਹਿੰਸਾ ਹੋਣੀ
- ਲਗਾਤਾਰ ਨੁਕਤਾਚੀਨੀ ਕਰਦੇ ਰਹਿਣਾ, ਜਲੀਲ ਕਰਨਾ, ਚੀਕਕੇ ਕਹਿਣਾ ਅਤੇ ਚੀਕਣਾ।

**ਨਜ਼ਰਅੰਦਾਜ਼ ਕਰਨਾ**– ਬੱਚੇ ਦੀਆਂ ਬੁਨਿਆਦੀ ਜ਼ਰੂਰਤਾਂ ਪੂਰੀਆਂ ਨਾ ਕਰਨੀਆਂ। ਵੱਡੇ ਬੱਚਿਆਂ ਨੂੰ ਹੇਠਾਂ ਦਿੱਤੀਆਂ ਚੀਜ਼ਾਂ ਦੇਣੀਆਂ ਚਾਹੀਦੀਆਂ ਹਨ:

- ਭੋਜਨ, ਪਨਾਹ, ਕਪੜੇ ਅਤੇ ਮੈਡੀਕਲ ਸੰਭਾਲ
- ਨਿਗਰਾਨੀ ਅਤੇ ਸਕੂਲ ਵਿੱਚ ਰੋਜ਼ ਜਾਣ ਵਿੱਚ ਮਦਦ ਕਰਨੀ
- ਪਿਆਰ, ਸਹਾਇਤਾ।

ਜੇ ਮਾਤਾ-ਪਿਤਾ ਜਾਂ ਹੋਰ ਕੇਅਰਗਿਵਰ ਆਪਣੇ ਬੱਚੇ ਦੀਆਂ ਬੁਨਿਆਦੀ ਜ਼ਰੂਰਤਾਂ ਪੂਰੀਆਂ ਨਹੀਂ ਕਰਦੇ, ਤਾਂ ਉਹ ਦੁਰਵਿਹਾਰ ਦੇ ਦੋਸ਼ੀ ਹਨ। ਜੇ ਆਪਣੇ ਤਣਾਅ, ਸਿਹਤ ਜਾਂ ਮਾਲੀ ਦਿੱਕਤਾਂ ਕਰਕੇ ਮਾਤਾ-ਪਿਤਾ ਨੂੰ ਆਪਣੇ ਬੱਚੇ ਦੀ ਦੇਖਭਾਲ ਕਰਨ ਵਿੱਚ ਪਰੇਸ਼ਾਨੀ ਹੁੰਦੀ ਹੈ, ਤਾਂ ਚਿਲਡ੍ਰਨ'ਸ ਏਡ ਸੁਸਾਇਟੀ ਅਤੇ ਹੋਰ ਸਰਕਾਰੀ ਏਜੰਸੀਆਂ ਇਹ ਯਕੀਨੀ ਬਣਾਉਣ ਵਿੱਚ ਮਦਦ ਕਰਨਗੀਆਂ ਕਿ ਬੱਚਿਆਂ ਦੀ ਚੰਗੀ ਤਰ੍ਹਾਂ ਦੇਖਭਾਲ ਕੀਤੀ ਜਾਂਦੀ ਹੈ।

**ਜਿਨਸੀ ਦੁਰਵਿਹਾਰ ਜਾਂ ਛੇੜਖਾਨੀ ਕਰਨਾ** – ਬੱਚਿਆਂ ਨਾਲ ਕੀਤੀ ਜਾਣ ਵਾਲੀ ਕੋਈ ਵੀ ਜਿਨਸੀ ਗੱਲਬਾਤ।

ਇਸ ਵਿੱਚ ਸਰੀਰਕ ਅਤੇ ਗ਼ੈਰ-ਸਰੀਰਕ ਜਿਨਸੀ ਸੰਪਰਕ ਸ਼ਾਮਿਲ ਹੈ। ਇਹ ਅਕਸਰ ਪਰਿਵਾਰ ਦਾ ਇੱਕ ਮੈਂਬਰ ਜਾਂ ਪਰਿਵਾਰਕ ਦੋਸਤ ਹੁੰਦਾ ਹੈ, ਜੋ ਬੱਚੇ ਜਾਂ ਗਭਰੇਟ ਨਾਲ ਜਿਨਸੀ ਦੁਰਵਿਹਾਰ ਕਰਦਾ ਹੈ। ਜਿਨਸੀ ਦੁਰਵਿਹਾਰ ਬਾਲਗ਼ਾਂ, ਗਭਰੇਟਾਂ ਜਾਂ ਹੋਰਨਾਂ ਬੱਚਿਆਂ ਵਲੋਂ ਕੀਤਾ ਜਾ ਸਕਦਾ ਹੈ।

ਬੱਚੇ ਨਾਲ ਅਸ਼ਲੀਲਤਾ ਕਰਨੀ ਅਤੇ ਜ਼ਬਰੀ ਸਰੀਰਕ ਸੰਪਰਕ ਬਣਾਉਣਾ, ਜਿਨਸੀ ਦੁਰਵਿਹਾਰ ਦੀਆਂ ਆਮ ਉਦਾਹਰਣਾਂ ਹਨ। ਬੱਚੇ ਨਾਲ ਹੁੰਦੀ ਅਸ਼ਲੀਲਤਾ ਦੀ ਵੀਡੀਓ ਬਣਾਉਣੀ, ਆਪਣੇ ਕੋਲ ਰੱਖਣੀ ਜਾਂ ਇੰਟਰਨੈਟ 'ਤੇ ਇਹ ਵੀਡੀਓ ਵੇਖਣੀ ਜਾਂ ਇਸਦੀ ਕਾਪੀ ਰੱਖਣਾ ਇੱਕ ਗੰਭੀਰ ਜੁਰਮ ਹੈ।

**ਸਹਿਮਤੀ ਦੀ ਉਮਰ** –16 ਸਾਲ ਤੋਂ ਘੱਟ ਉਮਰ ਦੇ ਬੱਚੇ, ਕਾਨੂੰਨੀ ਤੌਰ 'ਤੇ ਜਿਨਸੀ ਸਰਗਰਮੀ ਲਈ ਸਹਿਮਤੀ ਨਹੀਂ ਦੇ ਸਕਦੇ, ਇੱਥੋਂ ਤੱਕ ਕਿ ਭਾਵੇਂ ਉਹ ਹਿੱਸਾ ਲੈਣ ਲਈ ਸ਼ਾਮਿਲ ਹੋਣ।

Funded by / Financé par

Ontario

Immigration, Refugees and Citizenship Canada

Immigration, Réfugiés et Citoyenneté Canada





orientation to ontario

l’ontario c’est chez moi